# Visit of Stephen E. Biegun, Deputy Secretary of State of the United States of America (October 12-14, 2020)

October 13, 2020

## ਸੰਯੁਕਤ ਰਾਜ ਅਮਰੀਕਾ ਦੇ ਡਿਪਟੀ ਸੈਕ੍ਰੇਟਰੀ ਆਫ਼ ਸਟੇਟ ਸਟੀਫਨ ਈ. ਬਿਗੁਨ ਦੀ ਫੇਰੀ (12-14 ਅਕਤੂਬਰ 2020)

13 ਅਕਤੂਬਰ, 2020

ਸੰਯੁਕਤ ਰਾਜ ਅਮਰੀਕਾ ਦੇ ਡਿਪਟੀ ਸੈਕ੍ਰੇਟਰੀ ਆਫ਼ ਸਟੇਟ ਸਟੀਫਨ ਬਿਗੁਨ 12-14 ਅਕਤੂਬਰ, 2020 ਨੂੰ ਨਵੀਂ ਦਿੱਲੀ ਦੀ ਫੇਰੀ ਕਰ ਰਹੇ ਹਨ।

ਆਪਣੀ ਇਸ ਫੇਰੀ ਦੌਰਾਨ ਉਨ੍ਹਾਂ ਨੇ 13 ਅਕਤੂਬਰ, 2020 ਨੂੰ ਵਿਦੇਸ਼ ਸਕੱਤਰ ਸ਼੍ਰੀ ਹਰਸ਼ਵਰਧਨ ਸ਼ਰਿੰਗਲਾ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਸਿਆਸੀ, ਸੁਰੱਖਿਆ ਅਤੇ ਰੱਖਿਆ, ਆਰਥਿਕ, ਵਪਾਰਕ, ਟੈਕਨੋਲੋਜੀ ਅਤੇ ਲੋਕਾਂ ਦੇ ਪੱਧਰ ਦੇ ਸੰਪਰਕਾਂ ਸਣੇ ਵਿਆਪਕ ਭਾਰਤ-ਅਮਰੀਕਾ ਕੌਮਾਂਤਰੀ ਰਣਨੀਤਕ ਭਾਈਵਾਲੀ ਤਹਿਤ ਸਾਰੀ ਭਾਈਵਾਲੀ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਆਪਸੀ ਹਿੱਤ ਦੇ ਕਈ ਖੇਤਰੀ ਅਤੇ ਕੌਮਾਂਤਰੀ ਮੁੱਦਿਆਂ ਬਾਰੇ ਵਿਚਾਰ ਵਟਾਂਦਰੇ ਕੀਤੇ। ਉਨ੍ਹਾਂ ਨੇ ਖ਼ਾਸਕਰ 2021-2022 ਦੌਰਾਨ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਵਿੱਚ ਭਾਰਤ ਦੀ ਮੈਂਬਰਸ਼ਿਪ ਦੌਰਾਨ ਸੰਯੁਕਤ ਰਾਸ਼ਟਰ ਵਿੱਚ ਭਾਈਵਾਲੀ ਨੂੰ ਮਜ਼ਬੂਤ ਕਰਨ ਦੇ ਤਰੀਕਿਆਂ ਬਾਰੇ ਵਿਚਾਰ ਵਟਾਂਦਰੇ ਕੀਤੇ।

ਆਪਣੀ ਇਸ ਫੇਰੀ ਦੌਰਾਨ ਸੰਯੁਕਤ ਰਾਜ ਅਮਰੀਕਾ ਦੇ ਡਿਪਟੀ ਸੈਕ੍ਰੇਟਰੀ ਆਫ਼ ਸਟੇਟ ਨੇ ਵਿਦੇਸ਼ ਮੰਤਰੀ ਅਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਨਾਲ ਮੁਲਾਕਾਤ ਕੀਤੀ ਅਤੇ ਮੌਜੂਦਾ ਦੁਵੱਲੇ ਸਹਿਯੋਗ ਉੱਤੇ ਵਿਚਾਰ ਵਟਾਂਦਰੇ ਕੀਤੇ ਅਤੇ ਇਸ ਖੇਤਰ ਵਿੱਚ ਹੋ ਰਹੇ ਘਟਨਾਕ੍ਰਮ ਬਾਰੇ ਵਿਚਾਰ ਸਾਂਝੇ ਕੀਤੇ।

ਸੰਯੁਕਤ ਰਾਜ ਅਮਰੀਕਾ ਦੇ ਡਿਪਟੀ ਸੈਕ੍ਰੇਟਰੀ ਆਫ਼ ਸਟੇਟ ਅਤੇ ਵਿਦੇਸ਼ ਮੰਤਰੀ ਨੇ ਸਲਾਨਾ ਭਾਰਤ-ਸੰਯੁਕਤ ਰਾਜ ਅਮਰੀਕਾ ਵਰਚੁਅਲ ਫੋਰਮ ਦੇ ਉਦਘਾਟਨੀ ਸਤਰ ਅਤੇ ਟ੍ਰੈਕ 1.5 ਗੱਲਬਾਤ ਵਿੱਚ ਹਿੱਸਾ ਲਿਆ ਅਤੇ COVID -19 ਨਾਲ ਨਜਿੱਠਣ ਲਈ ਮੌਜੂਦਾ ਭਾਰਤ-ਅਮਰੀਕਾ ਸਹਿਯੋਗ ਅਤੇ ਬਹੁਪੱਖੀ ਮੰਚਾਂ ਉੱਤੇ ਦੁਵੱਲੇ ਸਬੰਧਾਂ ਅਤੇ ਸਹਿਯੋਗ ਨੂੰ ਮਜ਼ਬੂਤ ਕਰਨ ਦੀ ਗੱਲ ਕਹੀ।

ਡਿਪਟੀ ਸੈਕ੍ਰੇਟਰੀ ਸੈਕਟਰੀ ਬੀਗਨ ਦਾ ਇਹ ਦੌਰਾ ਵੱਖ-ਵੱਖ ਦੁਵੱਲੇ ਮਾਮਲਿਆਂ ਬਾਰੇ ਵਿਚਾਰ ਵਟਾਂਦਰੇ ਕਰਨ ਅਤੇ ਭਾਰਤ-ਅਮਰੀਕਾ ਰਣਨੀਤਿਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਦੀ ਵਚਨਬੱਧਤਾ ਕਰਨ ਦਾ ਮੌਕਾ ਸੀ।

ਦੋਵੇਂ ਪੱਖਾਂ ਨੂੰ ਦੁਵੱਲੇ, ਖੇਤਰੀ ਅਤੇ ਕੌਮਾਂਤਰੀ ਮੁੱਦਿਆਂ ਸਣੇ ਆਪਸੀ ਹਿੱਤਾਂ ਦੇ ਮਸਲਿਆਂ ਬਾਰੇ ਉੱਚ ਪੱਧਰੀ ਗੱਲਬਾਤ ਜਾਰੀ ਰੱਖਣ ਦੀ ਆਸ ਹੈ।

ਨਵੀਂ ਦਿੱਲੀ
13 ਅਕਤੂਬਰ, 2020

DISCLAIMER: This is an approximate translation. The original is available in English on MEA’s website and may be referred to as the official press release.